# ਦਫ਼ਤਰ ਖੇਤੀਬਾੜੀ ਸਲਾਹਕਾਰ, ਸਿੱਖਿਆ ਵਿਭਾਗ ਪੰਜਾਬ, ਐਸ.ਏ.ਐਸ.ਨਗਰ

ਪੰ.ਸ.ਸਿੱ.ਬੋ.ਕੰਪ., ਬਲਾਕ-ਈ, 7ਵੀਂ ਮੰਜਿਲ, ਫੇਜ਼-8, ਮੋਹਾਲੀ

ਈਮੇਲ: agriconsldpise@gmail.com

ਸੇਵਾ ਵਿਖੇ

ਵੈਬਸਾਈਟ/ਮੇਲ ਰਾਹੀਂ

ਪ੍ਰਿੰਸੀਪਲ/ਮੁੱਖ ਅਧਿਆਪਕ/ਇੰਚਾਰਜ,
ਸ.ਸ.ਸ.ਸ./ਹਾਈ ਸਕੂਲ/ਮਿਡਲ ਸਕੂਲ
ਪੰਜਾਬ। (ਕੇਵਲ ਖੇਤੀਬਾੜੀ ਫਾਰਮਾਂ ਵਾਲੇ)

ਮੀਮੋ ਨੰਬਰ: **ਲੇਖਾ/ਖੇਤੀਬਾੜੀ/20264880828**

ਮਿਤੀ: ਐਸ.ਏ.ਐਸ ਨਗਰ:- **21.04.2026**

ਵਿਸ਼ਾ: ਖੇਤੀਬਾੜੀ ਫਾਰਮਾਂ ਦੀ ਜਮੀਨ ਨੂੰ ਸਾਲ 2026-27 ਵਾਸਤੇ ਬੋਲੀ ਰਾਹੀਂ ਠੇਕੇ ਤੇ ਦੇਣ ਸਬੰਧੀ।

ਹਵਾਲਾ:- ਇਸ ਦਫਤਰ ਤੋਂ ਜਾਰੀ ਪੱਤਰ ਨੰ ਲੇਖਾ/ਖੇਤੀਬਾੜੀ/20264880828 ਮਿਤੀ 13.04.2026 ਦੇ ਸਬੰਧੀ ਵਿੱਚ ਸੋਧ ਕਰਨ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਹਰ ਸਾਲ ਦੀ ਤਰਾਂ ਖੇਤੀਬਾੜੀ ਫਾਰਮਾਂ ਦੀਆਂ ਜਮੀਨਾਂ ਨੂੰ ਸਾਲ 2026-27 ਵਾਸਤੇ ਵੀ ਖੁੱਲ੍ਹੀ ਬੋਲੀ ਰਾਹੀਂ ਇੱਕ ਸਾਲ ਵਾਸਤੇ ਠੇਕੇ ਤੇ ਦਿੱਤਾ ਜਾਣਾ ਹੈ। ਇਸ ਲਈ ਰਾਜ ਦੇ ਖੇਤੀਬਾੜੀ ਫਾਰਮਾਂ ਵਾਲੇ ਸਕੂਲ ਮੁੱਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਆਪਣੇ-ਆਪਣੇ ਸਕੂਲ ਦੇ ਖੇਤੀਬਾੜੀ ਫਾਰਮ ਦੀ ਜਮੀਨ ਨੂੰ ਸਾਲ 2026-27 ਵਾਸਤੇ (ਮਿਤੀ 01.05.2026 ਤੋਂ 30.04.2027 ਤੱਕ) ਇੱਕ ਸਾਲ ਲਈ ਹੇਠ ਲਿਖੀਆਂ ਸ਼ਰਤਾਂ ਅਧੀਨ ਖੁੱਲ੍ਹੀ ਬੋਲੀ ਰਾਹੀਂ ਠੇਕੇ ਤੇ ਦੇਣ ਦੀ ਕਾਰਵਾਈ ਆਪਣੇ ਪੱਧਰ ਤੇ ਸਮੇਂ ਮੁਕੰਮਲ ਕਰਨੀ ਯਕੀਨੀ ਬਣਾਉਣ ਤਾਂ ਜੋ ਫਾਰਮਾਂ ਦੀ ਜਮੀਨ ਤੋਂ ਪ੍ਰਾਪਤ ਹੋਣ ਵਾਲੇ ਮਾਲੀਏ ਦੀ ਰਾਸ਼ੀ ਸਰਕਾਰ ਦੇ ਖਜਾਨੇ ਵਿੱਚ ਜਮ੍ਹਾਂ ਹੋਣ ਤੇ ਸਰਕਾਰੀ ਖਜਾਨੇ ਦੀ ਆਮਦਨ ਨੂੰ ਹੁਲਾਰਾ ਮਿਲ ਸਕੇ।

ਪੱਤਰ ਵਿੱਚ ਦਰਸਾਈਆਂ ਸ਼ਰਤਾਂ ਵਿੱਚ ਲੜੀ ਨੰ 03 ਵਿੱਚ ਸੋਧ ਕਰਦਿਆਂ ਲਿਖਿਆ ਜਾਂਦਾ ਹੈ ਕਿ ਸਾਲ 2026-27 ਦੌਰਾਨ ਬੋਲੀ ਸ਼ੁਰੂ ਕਰਨ ਵੇਲੇ ਸਾਲ 2025-26 ਦੀ ਬੋਲੀ ਵੇਲੇ ਨਿਰਧਾਰਿਤ ਰਾਖਵੀਂ ਕੀਮਤ ਵਿੱਚ 5 ਪ੍ਰਤੀਸ਼ਤ ਦਾ ਵਾਧਾ ਕੀਤਾ ਜਾਵੇ।

21.4.26

ਸਹਾਇਕ ਡਾਇਰੈਕਟਰ (ਖੇਤੀਬਾੜੀ)
ਸਿੱਖਿਆ ਵਿਭਾਗ ਪੰਜਾਬ
ਐਸ.ਏ.ਐਸ ਨਗਰ